## ਤਿਲਕ ਬਕਰੇ ਦੇ ਬਾਰੇ

ੴ ਸਤਿਗੁਰਪ੍ਰਸਾਦਿ ॥

ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ [1]

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥ [2]

ਸ਼ੰਕਾਵਾਦੀ ਸਜਨ : - ਇਥੇ ਬਕਰੇ ਝਟਕਾ ਕੇ ਖ਼ੂਨ ਦਾ ਤਿਲਕ ਸ਼ਸਤ੍ਰਾਂ ਨੂੰ ਲਾਯਾ ਜਾਂਦਾ ਹੈ। ਇਹ ਕਿਥੋਂ ਦੀ ਮ੍ਰਿਜਾਦਾ ਹੂਈ ? ਭਾਈ ਸ਼ੰਕਾਵਾਦੀ ਸਜਨੋ, ਏਹਦੇ ਬਾਰੇ ਸਾਨੂੰ ਤਾਂ ਕੁਛ ਪਤਾ ਨਹੀਂ, ਪ੍ਰ ਖ਼ਾਲਸਾ ਧਰਮ ਸ਼ਾਸ਼ਤ੍ਰ ਦੇ ਕਰਤਾ ਨੇ ਇਸਤਰ੍ਹਾਂ ਲਿਖਿਆ ਹੈ ਕਿ ਸ਼੍ਰੋਮਣੀ ਕਮੇਟੀ ਤੋਂ ਪਹਿਲੇ ਚਾਰੋਂ ਤਖ਼ਤਾਂ ਦੀ ਮ੍ਰਿਜਾਦਾ ਏਕ ਹੁੰਦੀ ਸੀ। ਸ਼੍ਰੋਮਣੀ ਕਮੇਟੀ ਨੇ ਹਰਮੰਦ੍ਰ ਸਾਹਿਬ, ਅਕਾਲ ਤਖ਼ਤ ਸਾਹਿਬ ਦਾ ਇੰਤਜ਼ਾਮ ਅਪਨੇ ਹਥਿ ਲਿਆ, ਉਸ ਵਖਤ ਸ਼੍ਰੋਮਣੀ ਕਮੇਟੀ ਪਾਸ ਦਸਮ ਗ੍ਰਿੰਥ ਦੇ ਪਾਠੀਏ ਵ ਗਿਆਤ ਨਾ ਹੋਣਿ ਕਰ ਕੇ ਕਈ ਮ੍ਰਿਜਾਦਾ ਟੈਮ ਦੀਆਂ ਰਸਮ ਰਿਵਾਜ਼ਾਂ ਬੰਦ ਕਰਦੇ ਗਏ, ਜਿਸ ਕਰਕੇ ਇਸ ਵਖਤ ਚਾਰੋਂ ਤਖ਼ਤਾਂ ਦੀ ਮ੍ਰਿਜਾਦਾ ਆਪ ਵਿਚ ਨਹੀਂ ਮਿਲਦੀ। ਏਹ ਫ਼ਰਕ ਸ਼੍ਰੋਮਣੀ ਕਮੇਟੀ ਦਾ ਹੀ ਪਾਯਾ ਹੋਯਾ ਹੈ। ਏਦ੍ਹੀ ਜ਼ਿੰਮੇਵਾਰੀ ਭੀ ਇਨਾਂ ਤੇ ਹੀ ਹੈ। ਇਸ ਵਖਤ ਦੇਖਿਆ ਜਾਏ, ਤਾਂ ਸ੍ਰੀ ਹਰਿਮੰਦ੍ਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੀ ਮ੍ਰਿਜਾਦਾ ਵਿਚ ਫ਼ਰਕ ਹੈ। ਏਕ ਜਗਾ ਰਹਿਰਾਸ ਪੂਰੀ ਪੜ੍ਹੀ ਜਾਂਦੀ ਹੈ, ਏਕ ਜਗ੍ਹਾ ਥੋੜੀ। ਏਕ ਜਗ੍ਹਾ ਆਰਤੀ ਹੁੰਦੀ ਹੈ, ਏਕ ਜਗ੍ਹਾ ਤੇ ਨਹੀਂ। ਏਕ ਅਸਥਾਨ ਤੇ ਅਖੰਡ ਪਾਠ ਦੀ ਸਮਾਪਤੀ ਤੇ ਰਾਗਮਾਲਾ ਪੜੀ ਜਾਂਦੀ ਹੈ, ਏਕ ਅਸਥਾਨ ਤੇ ਨਹੀਂ ਪੜੀ ਜਾਂਦੀ। ਏਹ ਦੋਵੇਂ ਗੁਰ ਅਸਥਾਨਾਂ ਦਾ ਇੰਤਜ਼ਾਮ ਸ਼ੋਮਣੀ ਪ੍ਰਬੰਧਕ ਕਮੇਟੀ ਦਾ ਹੈ। ਦੇਖੋ, ਕਿਤਨੀ ਅਚਰਜਤਾ ਵਾਲੀ ਗਲ ਹੈ ਕਿ ੫੦੦ ਗਜ ਤੇ ਆਮੋ-ਸਾਮਨੇ ਮ੍ਰਿਜਾਦਾ ਵਿਚ ਕਿਤਨਾ ਫ਼ਰਕ ਹੈ। ਫੇਰ ਏਹ ਸ਼੍ਰੋਮਣੀ ਕਮੇਟੀ ਵਾਲੇ ਨਾਅਰਾ ਬੁਲੰਦ ਕਰਦੇ ਹਨ ਕਿ ਚਾਰੋਂ ਤਖ਼ਤਾਂ ਦੀ ਮ੍ਰਿਜਾਦਾ ਇਕ ਹੋਨੀ ਚਾਹੀਦੀ ਹੈ। ਪਹਿਲੇ ਸ਼੍ਰੋਮਣੀ ਕਮੇਟੀ ਨੂੰ ਚਾਹੀਏ ਕਿ ਸ੍ਰੀ ਹਰਮੰਦ੍ਰ ਸਾਹਿਬ ਔਰ ਅਕਾਲ ਤਖ਼ਤ ਸਾਹਿਬ ਜੀ ਦੀ ਮ੍ਰਿਜਾਦਾ ਏਕ ਕਰਨ। ਤਿਲਕ ਬਾਰੇ ਖ਼ਾਲਸਾ ਧਰਮ ਸ਼ਾਸ਼ਤ੍ਰ ਦੇ ਵਿਚਾਰ ਵ ਨਕਲ ਸਫ਼ਾ ਨੰਬਰ ੪੦੧, ਨਵਾ ਭਾਗ। ਸਿਖ ਦਾ, ਖ਼ਾਲਸਾ ਪੰਥ ਜੋ ਵਾਹਿਗੁਰੂ ਅਕਾਲ ਪੁਰਖ ਜੀ ਦਾ ਸਚਾ ਪੰਥ ਸ੍ਰੀ ਗੁਰੂ ਜੀ ਮਹਾਰਾਜ ਜੀ ਨੇ ਪ੍ਰਗਟ ਕੀਤਾ ਹੈ, ਜੈਨੀਆਂ ਵਰਗੀ ਮੁਰਦਾ ਕੌਮ ਨਹੀਂ, ਜ਼ਿੰਦਾ ਕੌਮ ਹੈ, ਸਗੋਂ ਐਸੀ ਜ਼ਿੰਦਗੀ ਰਖਨ ਵਾਲਾ ਹੈ ਕਿ

---

[1] ਗਉੜੀ ਸੁਖਮਨੀ, ਮਹਲਾ ੫, ਪੰਨਾ ੨੮੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[2] ਸੂਹੀ ਮਹਲਾ ੫, ਪੰਨਾ ੭੫੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਜੈਨੀਆਂ ਦੀ ਰੀਸੇ 'ਅਹਿੰਸਾ ਪਰਮੋ ਧਰਮਾ' ਦੇ ਅਸਰ ਹੇਠ ਆ ਮੁਰਦਾ ਹੋ ਕੇ ਜ਼ਾਲਮ ਮਲੇਛੀ ਰਾਜ ਤੇ ਜ਼ੁਲਮ ਦੇ ਸਮੁੰਦ੍ਰ ਵਿਚ ਡੁਬਦੀ ਹੋਈ ਹਿੰਦੂ ਕੌਮ ਦੀ ਬੇੜੀ ਨੂੰ ਕੰਢੇ ਤੇ, ਬੰਨੇ ਲਾ ਕੇ ਮੁੜ ਜਾਨ ਪਾਉਨ ਲਈ ਆਪ ਹੀ ਜ਼ਿੰਦਗੀ ਰੂਪ ਹੋ ਵਰਤਿਆ ਹੈ, ਅਰਥਾਤ ਸਿਖਾਂ, ਖ਼ਾਲਸਿਆਂ ਦੀ ਜ਼ਿੰਦਗੀ ਦੇ ਨਾਲ ਸਾਰੇ ਹਿੰਦੂ ਕੌਮ ਹੀ ਜਿਉਂਦੀਆਂ ਵਿਚ ਹੋ ਗਈ। ਤਾਤਪ੍ਰਜ ਏਹ ਕਿ ਖ਼ਾਲਸਾ ਪੰਥ ਦੇ ਪ੍ਰਗਟ ਕਰਨਹਾਰ ਦਸਮੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਉਤਾਰ ਨਾ ਹੁੰਦੇ, ਤਾਂ ਖ਼ਾਲਸਾ ਪੰਥ ਹੀ ਪ੍ਰਗਟ ਨਾ ਹੁੰਦਾ। ਤਦ ਭਾਰਤ ਖੰਡ ਦੀ ਇਸ ਪ੍ਰਕਾਰ ਦੁਰਦਸ਼ਾ ਹੋ ਗਈ ਹੁੰਦੀ, ਜੈਸਾ ਕਿ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਵਿਚ ਭਾਈ ਸੰਤੋਖ ਸਿੰਘ ਜੀ ਦਾ ਏਹ ਲੇਖ ਹੈ : -

ਕਬਿਤ। ਸਤਿਜੁਗ ਬਾਵਨ ਸਰੂਪ ਜੋ ਨ ਉਪਜਤੇ ਬਲੀ ਕਰ ਜਗ ਸਰ ਪੁਰ ਦੈਤ ਬਾਸਤੇ। ਭਰਨ ਸੰਤੋਖ ਸਿੰਘ ਤ੍ਰੇਤਾ ਜੋ ਨਾ ਰਾਮ ਚੰਦ੍ਰ ਰਾਵਣ ਕੋ ਰਾਜ ਰਿਹੇ ਕੌਨ ਬਿਨਾਸਤੇ। ਦੁਵਾਪੁਰ ਮੇਂ ਸਿਆਮ ਅਨ ਹਤੇ ਨ ਕਰਤ ਕੋਨ ਦੋਖੀਅਨ ਦੁਖ ਸੁਤ ਸੰਤਨ ਕੇ ਵਾਸਤੇ। ਤੈਸੇ ਕਲੂ ਕਾਲ ਮਾਹਿ ਗੁਰ ਰੂਪ ਹੋਵਤੇ, ਨ ਕੌਨ ਹਿੰਦੂਆਂ ਕੋ ਰਾਖ ਧਰਮ ਕੋ ਪ੍ਰਕਾਸਤੇ।

ਕਬਿਤ। ਛਾਏ ਜਾਤੀ ਏਕਤਾ ਅਨੇਕਤਾ ਬਿਲਾਏ ਜਾਤੀ, ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ। ਪਾਪ ਹੀ ਪ੍ਰਧਕ ਜਾਤੇ ਧਰਮ ਧਸਕ ਜਾਤੇ ਬਨ ਗਰਕ ਜਾਤੇ ਸਹਿਤ ਵਿਧਾਨ ਕੀ। ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ। ਪਾਵਨ ਪ੍ਰਮਸ੍ਰ ਗੁਰੂ ਜੀ ਗੋਬਿੰਦ ਸਿੰਘ ਮੂਰਤੀ ਨ ਹੋਤੀ ਜੋ ਪੈ ਕਰਨਾਨਿਧਾਨ ਕੀ।

ਤਥਾ ਸਾਈਂ ਲੋਕ ਬੁਲ੍ਹੇ ਸ਼ਾਹ ਦਾ ਕਥਨ ਹੈ : - ਕਲ ਦੀ ਕਹਾ ਨ ਪਰਸੋਂ ਦੀ ਕਹਾਂ ਮੈਂ ਆਜ ਦੀ। ਜੇ ਗੁਰੂ ਗੋਬਿੰਦ ਸਿੰਘ ਜੀ ਨ ਹੁੰਦੇ, ਤਾਂ ਸੁਨਤ ਹੁੰਦੀ ਸਭ ਦੀ।

ਤਾਤਪ੍ਰਜਾ ਏਹ ਹੈ ਕਿ ਹਿੰਦ ਦੇਸ਼ ਦੀ ਪਰਜਾ ਦੇ ਧ੍ਰਮ ਪ੍ਰਮ ਸ਼੍ਰਮ ਜਾਨ, ਮਾਲ ਅਤੇ ਇਜ਼ਤ ਦੀ ਦੋਖ ਮਲੇਛ ਰਾਜ ਨਸ਼ਟ ਹੋ ਕਰ ਪ੍ਰਜਾ ਦੇ ਧ੍ਰਮ, ਸ਼੍ਰਮ, ਜਾਨ, ਮਾਲ ਅਤੇ ਇਜ਼ਤ ਦੀ ਰਖਵਾਲੀ ਅਤੇ ਪਾਲਨਾ ਕਰਨ ਵਾਲਾ ਦੇਵੀ ਬ੍ਰਿਟਸ ਰਾਜ ਦੀ ਪ੍ਰਾਪਤੀ ਹੋ ਕਰ ਜੋ ਭਾਰਤ ਵਰਸ਼ ਦੀ ਪ੍ਰਜਾ ਅਮਨ ਚੈਨ ਅਤੇ ਸੁਖ ਦੀਆਂ ਮੌਜਾਂ ਮਾਨ ਰਹੀ ਹੈ, ਏਹ ਸਭ ਕੁਛ ਸ੍ਰੀ ਗੁਰੂ ਦਸ਼ਮੇਸ਼ ਪਾਤਸ਼ਾਹ ਜੀ ਦੇ ਸਾਜੇ ਅਤੇ ਨਿਵਾਜੇ ਹੋਇ ਖ਼ਾਲਸਾ ਪੰਥ ਦੀ ਤੇਜਧਾਰ ਵਾਲੀ ਤਲਵਾਰ ਦਾ ਹੀ ਸਦਕਾ ਹੈ। ਜੋ ਧ੍ਰਮ ਦੋਖੀਆਂ ਦੇ ਆਹੂ ਲਾਹੁਣ ਵਾਲੀ ਹੈ, ਸਿਖਾਂ, ਖ਼ਾਲਸਿਆਂ ਦੀਆਂ ਲਖਾਂ ਜਾਨਾਂ ਕੁਰਬਾਣ ਹੋਈਆਂ। ਲੋਥਾਂ ਦੇ ਅੰਬਾਰ ਲਗੇ । ਲਹੂ ਦੀਆਂ ਨਦੀਆਂ ਵਹਾਇ ਕਰ ਸਤਾਂ ਸਮੁੰਦ੍ਰਾਂ ਤੋਂ ਪਾਰੋਂ ਆਈਆਂ ਹੋਈ ਦਾਤ ਪ੍ਰਜਾ ਨੂੰ ਮਿਲੀ, ਭਾਵ ਏਹ ਕਿ ਜੀਉਂਦੇ ਖ਼ਾਲਸਾ ਪੰਥ ਨੇ ਜ਼ਾਲਮਾਂ ਤੋਂ ਪੰਜਾਬ ਦਾ ਰਾਜ ਖੋਹ ਕਰ ਅਪਣਾ ਰਾਜ ਕਾਇਮ ਕੀਆ ਸੀ। ਅਗਰ ਖ਼ਾਲਸਾ ਜੀ ਨੂੰ ਸ਼ਿਕਾਰ ਨ ਖਿਡਾਇ ਜਾਂਦੇ, ਜਾਨਵਰ ਝਟਕਾਣੇ ਨਾ ਸਿਖਾਏ ਜਾਂਦੇ, ਤਾਂ ਐਸਾ ਦਿਲ ਤੇ ਐਸਾ ਬਲ ਖ਼ਾਲਸਾ ਜੀ ਵਿਚ ਨਾ ਪੈਦਾ ਹੁੰਦਾ, ਨਾ ਖ਼ਾਲਸਾ ਜੀਤੀ ਜਗਤੀ ਕੌਮ ਹੋਤਾ। ਗੁਰੂ ਸਾਹਿਬ ਖ਼ਾਲਸਾ ਕੋ ਸੰਤ ਸਿਪਾਹੀ ਬਨਾ ਕੇ ਖ਼ਾਲਸਾ ਰਾਜ ਸੇ ਮੁਕਾਬਲਾ ਕਰਨਾ ਥਾ ਔਰ ਅਪਨੇ ਸਾਮਨੇ ਕਰਾ ਕਰ ਦਿਖਾਇਆ ਸੀ। ਇਸ ਕਰਕੇ ਗੁਰੂ ਜੀ ਨੇ ਖ਼ਾਲਸੇ ਜੀ

ਦਾ ਕਮ੍-ਕਸਾ ਕਰਾਇਆ ਸੀ । ਸੋ ਜੇਕਰ 'ਅਹਿੰਸਾ ਪਰਮੋ ਧਰਮਾ' ਦੇ ਅਸੂਲ ਨੂੰ ਪਰੇ ਰਖ ਕੇ ਹਿੰਸਾ ਨੂੰ ਪਰਮ ਧਰਮ ਨਾ ਸਮਝਿਆ ਜਾਂਦਾ, ਤਾਂ ਉਤਲੇ ਬਚਨਾਂ ਅਨੁਸਾਰ ਹਿੰਦੂ ਕੌਮ ਦੀ ਬੇੜੀ ਮਲੇਛ ਰਾਜ ਦੇ ਜ਼ੁਲਮ ਦੇ ਸੰਮੁਦ੍ਰ ਵਿਚ ਕਦੋਂ ਦੀ ਡੁਬ ਗਈ ਹੋਂਦੀ । ਕੋਈ ਨਿਸ਼ਾਨ ਬਾਕੀ ਨਾ ਮਿਲਦਾ । ਕੇਸਧਾਰੀ ਖ਼ਾਲਸਾ ਪੰਥ ਦੀ ਨੀਂਵ ਹੀ ਪੰਜ ਬਲੀਦਾਨ ਲੈਣੇ ਦੇਂਦੇ ਪਰ ਰਖੀ ਗਈ ਹੈ । ਜਦੋਂ ਕਿ ਗੁਰੂ ਸਾਹਿਬ ਨੇ ਪੰਜ ਪਿਆਰੇ ਚੁਣੇ ਸੀ, ਇਸ ਵਾਸਤੇ ਕਿ ਸੂਰਬੀਰਤਾ ਨੂੰ ਐਸੇ ਹੀ ਪੈਦਾ ਕੀਤਾ ਜਾਂਦਾ ਹੈ । ਜੇਕਰ ਏਹ ਸੂਰਬੀਰ ਖ਼ਾਲਸਾ ਪੰਥ ਭੀ ਨਿਪਟ ਦਯਾ ਦੇ ਘਰ ਵਿਚ ਆ ਕੇ 'ਅਹਿੰਸਾ ਪਰਮੋ ਧਰਮਾ' ਦੇ ਜੈਨੀਆਂ ਵਾਲੇ ਅਸੂਲ ਦਾ ਹੀ ਨੇਮ ਧਾਰਨ ਕਰ ਲਵੇ, ਤਾਂ ਮੁਰਦਾ ਹੀ ਹੋ ਜਾਏ । ਅਮ੍ਰਤ ਸੰਸਕਾਰ ਕਰਾਉਣ ਵਾਲੀਆਂ ਵਡੀਆਂ ਟਕਸਾਲਾਂ, ਤਖ਼ਤਾਂ ਸਾਹਿਬਾਂ ਦੇ ਹਜ਼ੂਰ ਨੌਰਾਤਿਆਂ ਦੇ ਵਿਚ ਵਿਸ਼ੇਸ਼ ਕਰਕੇ ਸ਼ਸ਼ਤ੍ਰਾਂ ਦੀ ਪੂਜਾ ਦੇ ਨਾਲ ਚੰਡੀ ਚਰਿਤ੍ਰ ਆਦਿਕ ਦਸਵੀਂ ਪਾਤਸ਼ਾਹੀ ਜੀ ਦੀ ਜੁੱਧ ਮਈ ਬਾਣੀ ਦੇ ਪਾਠ ਦੇ ਪ੍ਰਸੰਗ ਹੋ ਕਰ ਬਿਜੈ ਦਸਮੀ ਦੇ ਦਿਨ ਸਮਾਪਤ ਹੁੰਦਾ ਹੈ । ਜੈਸਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਦੇ ਤਖ਼ਤ ਅਕਾਲ ਬੁੰਗੇ ਸਾਹਿਬ ਵਿਖੇ ਸਾਰੀ ਕਿਰਤ ਹੋ ਕਰ ਦੁਸੈਹਿਰੇ ਦੇ ਦਿਨ ਬਚਿਤ੍ਰ ਨਾਟਕ ਵਿਚੋਂ ਰਾਮ ਔਤਾਰ (ਰਾਮਾਇਣ) ਦਾ ਪਾਠ ਹੁੰਦਾ ਹੈ, ਤਾਂ ਰਾਵਨ ਦੇ ਬੱਧ ਹੋਣ ਦਾ ਪ੍ਰਸੰਗ ਆਵਨੇ ਪ੍ਰ ਹਜ਼ਾਰਾਂ ਆਦਮੀਆਂ ਦੀ ਭੀੜ ਦੇ ਘੇਰੇ ਵਿਚ ਦੀਵਾਨ ਲਗਾਨ ਵਾਲੇ ਮੈਦਾਨ ਅਸਥਾਨ ਪ੍ਰ ਬਕਰਾ ਝਟਕਾਇ ਕਰ ਬੀਰ ਰੌਦ੍ਰ ਅਤੇ ਬਿਭਤਸ ਰਸਾਂ ਦਾ ਪ੍ਰਥਕ ਵਿਚ ਪ੍ਰਤੀਪਾਦਨ ਕੀਤੇ ਜਾਨੇ ਦਾ ਨੇਮ ਚਲਿਆ ਆਂਵਦਾ ਹੈ । ਜਿਸ ਭਿਆਨਕ ਦ੍ਰਿਸ਼ਾਂ ਨੂੰ ਦੇਖ ਕਰ ਸਿੰਘਾਂ ਖ਼ਾਲਸਿਆਂ ਦੇ ਮਨ ਉਤਸ਼ਾਹੀ ਹੋਂਦੇ, ਲਹੂ ਦਾ ਸ਼ਸ਼ਤ੍ਰਾਂ ਨੂੰ ਤਿਲਕ ਕਰਕੇ, ਅੰਗ ਫੁਰਕਦੇ ਹਨ, ਪਰ ਅਹਿੰਸਾ ਪਰਮੋ ਧਰਮਾ ਦੇ ਖ਼ਿਆਲ ਵਾਲੇ ਲੋਕ, ਜੋ ਕਾਇਰ (ਬੁਜ਼ਦਿਲ) ਹੋਏ ਹੁੰਦੇ ਹਨ, ਨਾ ਦੇਖ ਸਕਦੇ ਹਨ, ਨਾ ਸੁਣ ਸਕਦੇ ਹਨ ਤੇ ਹਿੰਮਤ ਨਹੀਂ ਕਰਦੇ ਹਨ । ਅੱਖਾਂ ਨੂੰ ਮੀਟ ਅਤੇ ਕੰਨ ਵਲੇਟ ਕਰ ਭਜਦੇ ਹੋਇਆਂ ਨੂੰ ਰਾਹ ਨਹੀਂ ਮਿਲਦਾ । ਸਿਖਾਂ ਦੇ ਪੰਥ ਵਿਚ ਜੰਗਲੀ ਜਾਨਵਰਾਂ ਨੂੰ ਸ਼ਿਕਾਰ ਕਰਕੇ ਅਤੇ ਅਰੋਗੇ ਜਾਨਵਰਾਂ ਬਕਰੇ ਆਦਿਕਾਂ ਨੂੰ ਝਟਕਾ ਕੇ ਮਾਸ ਖਾਉਣ ਦੀ ਆਗਿਯਾ ਹੈ, ਜੋ ਹਿੰਦੂਆਂ ਦੀ ਪਰੰਪਰਾ ਤੋਂ ਰੀਤੀ ਹੈ ।

ਸ਼ੰਕਾਵਾਦੀ ਸਜਨੋ, ਤਿਲਕ ਦੇ ਬਾਰੇ ਔਰ ਸ਼ਿਕਾਰ ਦੇ ਬਾਰੇ ਦੇਖਨਾ ਹੋਵੇ, ਤਾਂ ਖ਼ਾਲਸਾ ਧਰਮ ਸ਼ਾਸ਼ਤ੍ਰ ਦੇ ੪੦੩ ਸਫ਼ੇ ਤੇ ਦੇਖ ਸਕਦੇ ਹੋ । ਇਥੇ ਪ੍ਰਕਰਣ ਜ਼ਿਆਦਾ ਵਿਸਥਾਰ ਹੋਨੇ ਤੋਂ ਸੰਕੋਚ ਕੀਤਾ ਗਯਾ ਹੈ ।

ਜਿਤਨੇ ਅਉਤਾਰ ਸੂਰਜ ਬੰਸੀ ਜਿਸਨੂੰ ਅਜਕਲ੍ਹ ਸੋਢੀਆਂ ਦੇ ਨਾਮ ਨਾਲ ਪ੍ਰਸਿਧ ਹੈ, ਇਤਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਦਸ਼ਰਥ ਜੀ ਸ਼ਿਕਾਰ ਗਏ ਸਨ ਔਰ ਜਿਨ੍ਹਾਂ ਦੇ ਹਥੋਂ ਸ਼ਿਕਾਰ ਦੇ ਭੁਲੇਖੇ ਸ਼੍ਰਵਨ ਕੁਮਾਰ ਨੂੰ ਬਾਣ ਲਗਾ ਸੀ । ਨਾਸਕ ਪੰਚ ਵਟੀ ਤੋਂ ਮ੍ਰਿਗ ਨੂੰ ਸ੍ਰੀ ਰਾਮ ਚੰਦ੍ਰ ਜੀ ਗਏ ਸਨ, ਜੋ ਦੈਂਤ ਸੀ, ਸੋਨੇ ਦੇ ਰੰਗ ਦਾ ਬਣਿਆ ਸੀ । ਸ੍ਰੀ ਕ੍ਰਿਸ਼ਨ ਮਹਾਰਾਜ ਜੀ ਨੇ ਮਹਾਂਭਾਰਤ ਦੇ ਜੁਧ ਸਮੇਂ ਗੀਤਾ ਦੁਵਾਰਾ ਅਰਜਨ ਨੂੰ ਗਿਆਨ ਕੀਤਾ ਸੀ ਕਿ ਤੈਨੂੰ ਕੁਲ-ਹਤਿਆ ਦਾ ਪਾਪ ਨਹੀਂ ਲਗੇਗਾ । ਤੂੰ ਤਕੜਾ ਹੋ ਕੇ ਮਾਰ ਇਨ੍ਹਾਂ ਨੂੰ । ਜਿਸਨੇ ਕ੍ਰਿਸ਼ਨ ਭਗਵਾਨ ਤੋਂ ਗਿਆਨ ਪਾ ਕੇ ਅਠਾਰ੍ਹਾਂ ਛੌਣੀ ਸੈਨਾ ਦਾ ਨਾਸ ਕਰ ਦਿਤਾ ਸੀ । ਕਲਜੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁਤ੍ਰ ਬਾਬਾ ਲਖਮੀ ਚੰਦ ਜੀ ਸ਼ਿਕਾਰ ਖੇਡਦਿਆਂ ਨੂੰ ਵਡੇ ਭਰਾਤਾ ਬਾਬਾ ਸ੍ਰੀ ਚੰਦ ਜੀ ਦੇ ਰੋਕਨ ਤੇ ਨਾਰਾਜ਼ ਹੋ ਕੇ ਸਣੇ ਘੋੜੇ ਸਨੇ ਪ੍ਰਵਾਰ ਬੈਕੁੰਠ ਗਮਨ ਕਰ ਗਏ ਸਨ । ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਇਤਹਾਸ ਵਿਚ ਅਨੇਕਾਂ ਸ਼ਿਕਾਰ ਖੇਲਨ ਦੇ ਪ੍ਰਸੰਗ ਆਉਂਦੇ ਹਨ ।

ਸ਼ੰਕਾਵਾਦੀ ਸਜਨ ਗੁਰ ਇਤਹਾਸ ਤੋਂ ਦੇਖ ਸਕਤੇ ਵ ਪੜ ਸਕਤੇ ਹਨ। ਉਨ੍ਹਾਂ ਤੋਂ ਬਾਦ ਦਸ਼ਮੇਸ਼ ਪਿਤਾ ਜੀ ਦੇ ਸ਼ਿਕਾਰ ਦੇ ਕਈ ਪ੍ਰਸੰਗ ਗੁਰ ਇਤਹਾਸਾਂ ਵਿਚ ਮੌਜੂਦ ਹਨ। ਅਨੰਦਪੁਰ ਸਾਹਿਬ ਸ਼ਿਕਾਰ ਨੂੰ ਗਿਆਂ ਜੰਗਲ ਵਿਚ ਪਹਾੜੀ ਫ਼ੌਜਾਂ, ਜੋ ਲੁਕ ਕੇ ਬੈਠੇ ਸਨ, ਜੰਗ ਹੋਇਆ ਔਰ ਨੈਣਾ ਦੇਵੀ ਦੇ ਪਹਾੜ ਤੇ ਹਵਨ ਨੂੰ ਜਾਣ ਲਗਿਆਂ ਸ਼ਿਕਾਰ ਮਾਰਿਆ, ਜਿਸ ਤੇ ਕੇਸ਼ੋ ਦਾਸ ਪੰਡਤ ਦੇ ਤਰਕ ਬਹਾਨੇ ਕਹਨੇ ਤੇ ਮੁੜ ਸਾਰੇ ਜੀਉਂਦੇ, ਸੁਰਜੀਤ ਕਰ ਦਿਤੇ ਸਨ। ਮਾਲਵੇ ਵਿਚ ਗੁਰਦਵਾਰਾ ਸਾਹਿਬ ਮੌਜੂਦ ਹੈ, ਸ਼ਿਕਾਰ ਘਾਟ ਨਾਮ ਤੇ ਪ੍ਰਸਿਧ ਹੈ, ਜਿਥੇ ਤੀਤਰ ਦਾ ਉਧਾਰ ਕੀਤਾ ਸੀ। ਸ੍ਰੀ ਪਾਉਂਟਾ ਸਾਹਿਬ ਜਦ ਮਹਾਰਾਜ ਦਾ ਨਿਵਾਸ ਸੀ, ਉਸ ਵਖਤ ਭਿਆਨਕ ਬਬਰ ਸ਼ੇਰ ਦਾ ਸ਼ਿਕਾਰ ਖੇਡਿਆ ਸੀ ਵ ਸ਼ੇਰ ਨੂੰ ਮਾਰਿਆ ਸੀ, ਜਿਸਦੀ ਮਿਟੀ ਦੀ ਮੂਰਤ ਬਨੀ ਹੁਈ ਹੁਣ ਤਕ ਮੌਜੂਦ ਹੈ।

ਨਾਂਦੇੜ ਦਖਨ ਦੇਸ਼ ਵਿਚ ਆਵਨ ਸਮੇਂ ਬੁਰਹਾਨਪੁਰ ਮੇਂ ੧੦੧ ਸ਼ੇਰ ਅਪਨੇ ਹਥੀਂ ਗੁਰੂ ਸਾਹਿਬ ਜੀ ਨੇ ਝਟਕਾਯਾ ਸੀ। ਨਾਂਦੇੜ ਸ਼ਹਿਰ ਵਿਚ ਬੰਦੇ ਬੈਰਾਗੀ ਨੂੰ ਕ੍ਰਿਸ਼ਨ ਭਗਵਾਨ ਵਾਲਾ ਗਿਆਨ, ਜੋ ਕਿ ਅਰਜਨ ਨੂੰ ਗੀਤਾ ਦੁਵਾਰਾ ਕੀਤਾ ਸੀ, ਜਿਸਨੇ ਪੰਜਾਬ ਜਾ ਕੇ ਉਹ ਭਿਆਨਕ ਜੁੱਧ-ਜੰਗ ਕੀਤੇ। ਖ਼ੂਨ ਦੀਆਂ ਨਦੀਆਂ ਬਹਾਈਆਂ। ਮੁਸਲਮਾਨਾਂ ਦਾ ਰਾਜ ਮੁਗ਼ਲਈ ਸਲਤਨਤ ਰਾਜ ਤਖ਼ਤ ਉਲਟਾ ਕੇ ਮਾਰੇ ਔਰ ਧਰਮ ਦੇ ਨਿਸ਼ਾਨ ਝੂਲਾਏ। ਆਪ ਸਤਿਗੁਰ ਸਾਹਿਬ ਸ਼ਿਕਾਰ ਖੇਡਨ ਗਏ ਸਹੇ ਨੂੰ, ਜਿਸ ਨੂੰ ਇਥੋਂ ਦੀ ਬੋਲੀ ਵਿਚ ਖ਼ਰਗੋਸ਼ ਕਹਿੰਦੇ ਹਨ। ਖ਼ਾਲਸੇ ਜੀ ਦੇ ਪੂਛਨ ਤੇ ਫ਼ੁਰਮਾਯਾ ਕਿ ਮੂਲਾ ਖਤਰੀ ਦਾ ਉਧਾਰ ਕੀਤਾ ਹੈ। ਸੋ ਸ਼ੰਕਾਵਾਦੀ ਸਜਨੋ, ਏਹ ਸਭ ਮਹਾਰਾਜ ਜੀ ਦੀ ਹਜ਼ੂਰੀ ਵਿਚ ਵ ਉਨ੍ਹਾਂ ਦੇ ਹਥੀਂ ਹੁੰਦੇ ਆਏ ਹਨ। ਜੇ ਹੁਣ ਮੌਜੂਦਾ ਸਮੇਂ ਵਿਚ ਦਰਬਾਰ ਸਾਹਿਬ ਦੇ ਹਜ਼ੂਰੀ ਵਿਚ ਬਕਰਾ ਝਟਕਾਯਾ ਗਿਆ ਯਾ ਸ਼ਸ਼ਤ੍ਰਾਂ ਨੂੰ ਤਿਲਕ ਦਿਤਾ ਗਿਆ, ਤਾਂ ਕਿਸਤਰ੍ਹਾਂ ਗੁਰ ਮ੍ਰਿਜਾਦਾ ਦੇ ਉਲਟ ਵ ਗੁਰ ਇਤਹਾਸ ਦੇ ਉਲਟ ਹੋਇਆ ? ਖ਼ਾਲਸਾ ਧਰਮ ਸ਼ਾਸ਼ਤਰ ਦੇ ਕਰਤਾ ਲਿਖਦੇ ਹਨ ਕਿ ਪਹਿਲੇ ਸ੍ਰੀ ਅਕਾਲ ਤਖ਼ਤ ਜੀ ਦੇ ਸਾਮਨੇ ਨੌਰਾਤ੍ਰਾਂ ਦੇ ਪਾਠ ਦੇ ਮਗਰੋਂ ਹਜ਼ਾਰਾਂ ਹਾਜ਼ਰੀਨ ਸੰਗਤ ਦੇ ਸਾਮਨੇ ਬਕਰਾ ਝਟਕਾਯਾ ਜਾਂਦਾ ਸੀ ਤੇ ਅਕਾਲ ਤਖ਼ਤ ਤੇ ਮੀਰੀ ਪੀਰੀ ਦੇ ਮਾਲਕ ਦੇ ਸ਼ਸ਼ਤ੍ਰਾਂ ਔਰ ਸ਼ਹੀਦਾਂ ਸਿੰਘਾਂ ਦੇ ਸ਼ਸ਼ਤ੍ਰਾਂ ਨੂੰ ਤਿਲਕ ਹੁੰਦਾ ਸੀ।

ਸ਼ੰਕਾਵਾਦੀ ਸਜਨੋ, ਕਲਗੀਧਰ ਦਸ਼ਮੇਸ਼ ਪਿਤਾ ਜੀ ਦੇ ਵਕਤ ਤੋਂ ਹੀ ਦੋ ਫ਼ਿਰਕੇ ਚਲੇ ਆਉਂਦੇ ਹਨ, ਏਕ ਬੀਰ ਰਸ ਵਾਲੇ ਮਾਸਾਹਾਰੀ ਔਰ ਦੂਸਰੇ ਬ੍ਰਹਮਗਿਆਨ ਵਿਚ ਇਸਥਿਤੀ ਪਾਉਣ ਵਾਲੇ ਨਾਮਰਸੀਏ। ਪ੍ਰਮਾਨ ਵਜੋਂ ਭਾਈ ਸਾਹਿਬ ਜੀ ਘਨਈਯਾ, ਜਿਨ੍ਹਾਂ ਵੈਰੀਆਂ ਨੂੰ ਪਾਨੀ ਪਿਲਾਉਣ ਦੀ ਸ਼ਿਕਾਯਤ ਸੁਣ ਕੇ ਗੁਰੂ ਜੀ ਬੁਲਾਯਾ ਸੀ। ਜਦ ਬੁਲਾਯਾ ਸਾਮਨੇ, ਹਸ ਕੇ ਕਿਹਾ, ਸਰਕਾਰ ਹੈ। ਆਓ ਮੇਰੇ ਭਾਈ ਘਨਈਆ ਕਰ ਰਿਹਾ ਕੀ ਕਾਰ ਹੈ। ਇਕ ਮਸ਼ਕ ਮੋਢੇ ਪਾਈ ਫਿਰਦਾ ਪਾਨੀ ਪੀਲਾਵੇ ਸਭ ਨੂੰ, ਦਿਲ ਯਾਰ ਵਲ ਹੱਥ ਕਾਰ ਵਲ, ਇਸੇ ਰੰਗ ਵਿਚ ਝੱਟ ਲੰਘਾਈ ਰਿਹਾ। ਨਾ ਪਾਣੀ ਪਿਲਾਯਾ ਵੈਰੀਆਂ ਨੂੰ, ਨਾ ਕੋਈ ਮੁਸਲਮਾਨ ਹੈ। ਤੂੰ ਬੁਕ ਕੀਤਾ, ਮੈਂ ਪਾਣੀ ਪਾਯਾ, ਇਸੇ ਰੰਗ ਵਿਚ ਨਿਭਾ ਰਿਹਾਂ। ਜਿਸ ਨੂੰ ਸੁਣਿ ਕੇ ਗੁਰੂ ਸਾਹਿਬ ਜੀ ਖ਼ੁਸ਼ ਹੂਏ ਤੇ ਵਰਦਾਨ ਬਖ਼ਸ਼ੇ ਕਿ ਤੇਰਾ ਭੀ ਇਸਤਰ੍ਹਾਂ ਦੀ ਸੰਪ੍ਰਦਾਏ ਚਲੇਗੀ। ਪੰਜ ਸਿੰਘ ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਕਾਸ਼ੀ ਭੇਜੇ ਸੀ, ਜਿਨ੍ਹਾਂ ਦੀ ਸੰਪ੍ਰਦਾ ਨਿਰਮਲੇ ਸੰਤ ਚਲੇ ਆ ਰਹੇ ਹਨ। ਮਹਾਰਾਜ ਜੀ ਪਾਸ ਅਨੰਦਪੁਰ, ਪਾਉਂਟਾ ਸਾਹਿਬ ਆਤਮ ਗਿਆਨ

ਦੇ ਖੋਜੀ ਬਹੁਤ ਸਨ, ਭਾਈ ਨੰਦ ਲਾਲ ਆਦਿਕ, ਜਿਨ੍ਹਾਂ ਨੂੰ ਸਤਿਗੁਰੂ ਸਾਹਿਬ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਵੀ ਇਸਤਰ੍ਹਾਂ ਉਪਦੇਸ਼ ਕਰਦੇ ਸਨ ਵ ਇਨ੍ਹਾਂ ਮਹਾਂ-ਵਾਕਾਂ ਦੁਆਰਾ ਬ੍ਰਹਮ ਗਿਆਨ ਵਿਚ ਇਸਥਿਤ ਕਰਦੇ ਸਨ, "ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ ਨ੍ਯਾਰੇ ਨ੍ਯਾਰੇ ਹੁਇਕੈ ਫੇਰਿ ਆਗ ਮੈਂ ਮਿਲਾਹਿਗੇ। ਜੈਸੇ ਏਕ ਧੂਰ ਅਨੇਕ ਧੂਰ ਪੂਰਤ ਹੈ, ਧੂਰ ਕੇ ਕਨੂਕਾ ਫਿਰ ਧੂਰ ਹੀ ਸਮਾਹਿਗੇ। ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ ਪਾਨ ਕੇ ਤਰੰਗ ਸਭੈ ਪਾਨ ਹੀ ਕਹਾਹਿਗੇ ।ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ ਤਾਹੀ ਤੇ ਉਪਜ ਸਭੈ ਤਾਹੀ ਮੇਂ ਸਮਾਹਿਗੇ ॥ ੧੭ ॥ ੮੭ ॥[3]

ਜਲੇ ਹਰੀ ॥ ਥਲੇ ਹਰੀ ॥[4] ਆਦਿਕ ਪੂਰਾ ਛੰਦ ਹੈ ।

ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕੱਹ ਪਾਵੈ ॥[5] (ਰਾਮਕਲੀ ਪਾ: ੧੦)

ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥[6]
(ਸ੍ਰੀ ਮੁਖ ਵਾਕ ਸਵੈਏ ੩੩ ਮੇਂ ਹੈ) ।

ਆਦਿ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਦੇ ਪ੍ਰਮਾਨ : -

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥ [7]

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥ ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥ ੧ ॥ ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥ ੧ ॥ ਰਹਾਉ ॥ ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥ ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥ ੨ ॥ [8]

ਇਤਆਦਿਕ ਅਨੇਕ ਬ੍ਰਹਮਗਿਆਨ ਦੇ ਇਸ ਦੇਵ ਜੀਓ ਆਤਮਾ ਦੇ ਪਛਾਨ ਦੇ ਮੌਜੂਦ ਹਨ। ਸੰਤ ਸਮਾਜ ਪ੍ਰਤੀ ਗੁਰੂ ਸਾਹਿਬ ਜੀ ਇਸਤਰ੍ਹਾਂ ਫੁਰਮਾਉਂਦੇ ਹਨ : -

---

[3] ਸ੍ਰੀ ਅਕਾਲ ਉਸਤਤਿ, ਪੰਨਾ ੧੯-੨੦, ਸ੍ਰੀ ਦਸਮ ਗ੍ਰੰਥ ਸਾਹਿਬ ਜੀ।
[4] ਸ੍ਰੀ ਅਕਾਲ ਉਸਤਤਿ, ਪੰਨਾ ੧੬, ਸ੍ਰੀ ਦਸਮ ਗ੍ਰੰਥ ਸਾਹਿਬ ਜੀ।
[5] ਰਾਮਕਲੀ ਪਾਤਿਸ਼ਾਹੀ ੧੦, ਪੰਨਾ ੭੦੯, ਸ੍ਰੀ ਦਸਮ ਗ੍ਰੰਥ ਸਾਹਿਬ ਜੀ।
[6] ੩੩ ਸਵੈਯੇ, ਪੰਨਾ ੭੧੨, ਸ੍ਰੀ ਦਸਮ ਗ੍ਰੰਥ ਸਾਹਿਬ ਜੀ।
[7] ਸੋਰਠਿ ਮਹਲਾ ੫ ਘਰੁ ੨ ਦੁਪਦੇ, ਪੰਨਾ ੬੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[8] ਆਸਾ, ਕਬੀਰ ਜੀ, ਪੰਨਾ ੪੭੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥ [੯]

ਔਰ ਸੂਰਬੀਰ ਖ਼ਾਲਸਾ ਦਲ ਤਾਂਈਂ ਫ਼ੁਰਮਾਉਂਦੇ ਹਨ : -

ਸਵੈਯਾ ॥ ਛਤ੍ਰੀ ਕੋ ਪੂਤ ਹੌ ਬਾਮਨ ਕੋ ਨਹਿ [੧੦]

ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥[੧੧]

ਸ਼ੰਕਾਵਾਦੀ ਸਜਨੋ, ਗੁਰੂ ਘਰ ਵਿਚ ਦੋਵੇਂ ਤਰ੍ਹਾਂ ਦੇ ਦਲ ਮੌਜੂਦ ਹਨ, ਖ਼ਾਲਸਾ ਦਲ ਔਰ ਸੰਤ ਦਲ । ਕਿਸੇ ਪ੍ਰਕਾਰ ਦੀ ਸੰਸਾ ਨਹੀਂ ਕਰਨਾ ਚਾਹੀਏ ।

---

[੯] ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ ਪੰਨਾ ੧੩੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੧੦] ਕ੍ਰਿਸ਼ਨਾਵਤਾਰ, ਪੰਨਾ ੫੭੦, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

[੧੧] ਕ੍ਰਿਸ਼ਨਾਵਤਾਰ, ਪੰਨਾ ੫੭੦, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।